BRAMPTON Flower City
brampton.ca

media release

24 ਜਨਵਰੀ, 2019

# ਗੋਰ ਮੇਡੋਜ ਕਵਰਡ ਆਊਟਡੋਰ ਆਈਸ ਰਿੰਕ ਦੇ ਅਧਿਕਾਰਕ ਸ਼ਾਨਦਾਰ ਉਦਘਾਟਨ ਦਾ ਜਸ਼ਨ ਮਨਾਓ!

***ਬ੍ਰੈਂਪਟਨ ਦੇ ਪਹਿਲੇ ਕਵਰਡ ਆਊਟਡੋਰ ਆਈਸ ਰਿੰਕ ਦੀ ਰਿਬਨ-ਕੱਟਣ ਦੀ ਰਸਮ ਅਤੇ ਮਜ਼ੇਦਾਰ ਗਤੀਵਿਧੀਆਂ ਲਈ ਨਿਵਾਸੀਆਂ ਅਤੇ ਸੈਲਾਨੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ।***

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਦੀ ਨਵੀਂ ਕਵਰਡ ਆਊਟਡੋਰ ਆਈਸ ਰਿੰਕ ਵਿੱਚ ਮੁਫ਼ਤ ਪਰਿਵਾਰਕ ਮਜ਼ੇ ਲਈ ਗਰਮ ਕੱਪੜੇ ਪਾ ਕੇ ਆਓ ਅਤੇ ਆਪਣੀਆਂ ਸਕੇਟਸ ਨਾਲ ਲਿਆਓ!

ਐਤਵਾਰ, 3 ਫਰਵਰੀ, 2019 ਨੂੰ ਦੁਪਹਿਰ ਬਾਅਦ 1 ਵਜੇ ਤੋਂ ਸ਼ਾਮ 4 ਵਜੇ ਤੱਕ, ਸਿਟੀ ਆਫ ਬ੍ਰੈਂਪਟਨ, 10150, ਦ ਗੋਰ ਰੋਡ (ਦ ਗੋਰ ਰੋਡ ਤੇ ਕਾਸਲਮੋਰ ਰੋਡ ਦੇ ਉੱਤਰ ਵੱਲ) (10150 The Gore Road (north of Castlemore Road on The Gore Road)) ਵਿਖੇ ਸਥਿਤ, ਗੋਰ ਮੇਡੋਜ ਕਵਰਡ ਆਊਟਡੋਰ ਆਈਸ ਰਿੰਕ (Gore Meadows Covered Outdoor Ice Rink) ਦਾ ਸ਼ਾਨਦਾਰ ਉਦਘਾਟਨ ਸਮਾਰੋਹ ਆਯੋਜਿਤ ਕਰ ਰਹੀ ਹੈ।

ਪਰਿਵਾਰਾਂ ਨੂੰ ਦੁਪਹਿਰ ਬਾਅਦ 1 ਵਜੇ, ਮੇਅਰ ਪੈਟਰਿਕ ਬ੍ਰਾਊਨ (Patrick Brown) ਅਤੇ ਕਾਊਂਸਲਰਾਂ ਦੇ ਨਾਲ ਰਿਬਨ ਕੱਟਣ ਦੇ ਰਸਮੀ ਸਮਾਰੋਹ ਲਈ ਸੱਦਾ ਦਿੱਤਾ ਜਾਂਦਾ ਹੈ। ਇਸਤੋਂ ਬਾਅਦ ਕਈ ਪਰਿਵਾਰ-ਅਨੁਕੂਲਿਤ ਆਊਟਡੋਰ ਅਤੇ ਇਨਡੋਰ ਗਤੀਵਿਧੀਆਂ ਹੋਣਗੀਆਂ।

ਆਊਟਡੋਰ ਗਤੀਵਿਧੀਆਂ ਵਿੱਚ ਸ਼ਾਮਲ ਹਨ:

- ਮੁਫ਼ਤ ਹੌਟ ਚੌਕਲੇਟ ਅਤੇ ਕੌਫੀ
- ਟਿਮ ਹੋਰਟੋਨਸ (Tim Hortons) ਵੱਲੋਂ ਪੇਸ਼ ਕੀਤੀ ਮੁਫ਼ਤ ਸਕੇਟਿੰਗ
- ਮਾਰਸ਼ਮੈਲੋ ਰੋਸਟਿੰਗ ਫਾਇਰ ਪਿਟਸ
- ਬਰਫ ਤੇ ਨੱਕਾਸ਼ੀ ਦੇ ਪ੍ਰਦਰਸ਼ਨ
- ਸੀ.ਐਨ. (CN) ਵੱਲੋਂ ਪੇਸ਼ ਕੀਤੀਆਂ #MyBrampton (ਮਾਈਬ੍ਰੈਂਪਟਨ) ਚਿੰਨ੍ਹ ਵਾਲੀਆਂ ਤਸਵੀਰਾਂ
- ਸਮੋਕਜ ਪਾਊਟਿਨ ਫੂਡ ਟਰੱਕ (Smoke’s Poutinerie Food Truck), ਜਿੱਥੇ ਸ਼ਾਮਲ ਹੋਣ ਵਾਲੇ ਭੋਜਨ ਖਰੀਦ ਸਕਦੇ ਹਨ

ਡੀ.ਜੇ. ਟੈਮ (DJ Tam) ਵੱਲੋਂ ਪੂਰੇ ਕਾਰਜਕਰਮ ਵਿੱਚ ਬਾਹਰ ਸੰਗੀਤ ਪਲੇ ਕੀਤਾ ਜਾਏਗਾ ਅਤੇ ਸ਼ਾਮਲ ਹੋਣ ਵਾਲੇ ਲੋਕ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਬੱਸ ਦੇ ਅੰਦਰ ਨਿੱਘ ਲੈ ਸਕਦੇ ਹਨ।

ਗੋਰ ਮੇਡੋਜ ਕਮਿਉਨਿਟੀ ਸੈਂਟਰ ਐਂਡ ਲਾਇਬ੍ਰੇਰੀ (Gore Meadows Community Centre and Library) ਵਿੱਚ ਇਨਡੋਰ ਗਤੀਵਿਧੀਆਂ ਵਿੱਚ ਸ਼ਾਮਲ ਹਨ:

- ਲਾਇਬ੍ਰੇਰੀ ਵਿੱਚ ਦੁਪਹਿਰ ਬਾਅਦ 2 ਵਜੇ ਕੇਵਿਨ ਸਿਲਵੈਸਟਰ ਵੱਲੋਂ ਕਿਤਾਬ ਪੜ੍ਹ ਕੇ ਸੁਣਾਈ ਜਾਏਗੀ
- ਏਅਰਬੁਰਸ਼ ਟੈਟੂਜ
- ਇੱਕ ਕ੍ਰਾਫਟ ਸਟੇਸ਼ਨ
- ਇੱਕ ਮੁਫ਼ਤ ਕੌਟਨ ਕੈਂਡੀ ਗਿਫਟ

- ਈ.ਬੀ. ਗੇਮਸ (EB Games) ਵੱਲੋਂ ਈ.ਬੀ. ਗੇਮਸ ਯੂਥ ਲਾਉਂਜ (EB Games Youth Lounge) ਵਿੱਚ ਵੀਡਿਓ ਗੇਮਾਂ ਪੇਸ਼ ਕੀਤੀਆਂ ਜਾਣਗੀਆਂ
- ਫੈਮਿਲੀ ਬਾਸਕੇਟਬਾਲ ਅਤੇ ਫੈਮਿਲੀ ਜ਼ੁੰਬਾ
- ਬ੍ਰੈਂਪਟਨ ਫਾਇਰ ਪ੍ਰੀਵੈਨਸ਼ਨ (Brampton Fire Prevention) ਟੀਮ ਅਤੇ ਸਪਾਰਕੀ ਦ ਡੌਗ ਨੂੰ ਮਿਲਣਾ

ਬ੍ਰੈਂਪਟਨ ਵਿੱਚ ਇਸ ਤਰ੍ਹਾਂ ਦੀ ਪਹਿਲੀ ਕਵਰਡ ਆਊਟਡੋਰ ਆਈਸ ਰਿੰਕ ਗੋਰ ਮੇਡੋਜ ਕਮਿਊਨਿਟੀ ਸੈਂਟਰ ਐਂਡ ਲਾਇਬ੍ਰੇਰੀ (Gore Meadows Community Centre and Library) ਦੇ ਨਾਲ ਲੱਗਦੀ 143 ਏਕੜ ਦੀ ਜ਼ਮੀਨ ਤੇ ਸਥਿਤ ਹੈ।

ਰਿੰਕ ਦਾ ਬੇਜੋੜ ਢਾਂਚਾ ਮੈਟਲ ਡੈਕ, ਕੰਕ੍ਰੀਟ ਪੈਡ ਅਤੇ ਪੂਰੇ ਕਾਰਜਖੇਤਰ ਬੋਰਡਾਂ ਦੇ ਨਾਲ, ਜਿਸਤ ਚੜ੍ਹੀ ਸਟੀਲ ਅਤੇ ਗਲੂਲੈਮ (ਆਰਚਡ ਟਿੰਬਰ ਬੀਮਾਂ) ਤੋਂ ਬਣਿਆ ਹੋਇਆ ਹੈ। ਇਸਦੀ ਬੇਜੋੜ ਛੱਤ ਕਵਰਿੰਗ ਅਤੇ ਡਿਜ਼ਾਈਨ, ਸੂਰਜ ਜਿਹੇ ਤੱਤਾਂ ਤੋਂ ਬਣਾਉਟੀ ਬਰਫ ਦੀ ਰੱਖਿਆ ਕਰਦਾ ਹੈ, ਜੋ ਸਰਦੀ ਵਿੱਚ ਬਰਫ ਨੂੰ ਪਿਘਲਾ ਸਕਦੇ ਹਨ।

ਆਊਟਡੋਰ ਰਿੰਕ ਸਹੂਲਤਾਂ ਵਿੱਚ ਸ਼ਾਮਲ ਹਨ, ਦੋ ਪਹੁੰਚਯੋਗ ਵਾਸ਼ਰੂਮ ਅਤੇ ਕੱਪੜੇ ਬਦਲਣ ਲਈ ਲਾਕਰਾਂ ਵਾਲਾਂ ਇੱਕ ਯੂਨੀਵਰਸਲ ਕਮਰਾ। ਸੁਣਨ ਸਬੰਧੀ ਵਿਗਾੜ ਵਾਲੇ ਲੋਕਾਂ ਲਈ ਸਕੇਟਿੰਗ ਕਰਦੇ ਸਮੇਂ ਧੁਨੀ ਵਧਾਉਣ ਵਾਲੀਆਂ ਡਿਵਾਈਸਾਂ ਅਤੇ ਸੁਣਨ ਸਬੰਧੀ ਵਿਗਾੜ ਦੇ ਅਨੁਕੂਲ ਈਅਰਫੋਨ ਵੀ ਉਪਲਬਧ ਹਨ।

ਵੱਧ ਠੰਡੇ ਮਹੀਨਿਆਂ ਵਿੱਚ, ਰਿੰਕ ਦੀ ਥਾਂ ਨੂੰ ਮਨਪਰਚਾਵੇ ਦੀ ਹਾਕੀ, ਪਬਲਿਕ ਸਕੇਟਿੰਗ, ਕਲਾਸਾਂ ਅਤੇ ਸ਼ਾਇਨੀ ਦੇ ਅਨੁਕੂਲ ਬਣਾਇਆ ਜਾਂਦਾ ਹੈ। ਗਰਮੀਆਂ ਵਿੱਚ, ਉਸ ਥਾਂ ਨੂੰ ਕਾਰਜਕਰਮਾਂ, ਮਨਪਰਚਾਵੇ ਦੇ ਪ੍ਰੋਗਰਾਮਾਂ, ਕੈਂਪਾਂ ਅਤੇ ਬਾਲ ਹਾਕੀ ਲਈ ਵਰਤਿਆ ਜਾ ਸਕਦਾ ਹੈ।

ਰਿੰਕ ਹੁਣ ਡ੍ਰੌਪ-ਇਨ ਸ਼ਾਇਨੀ ਅਤੇ ਪਬਲਿਕ ਸਕੇਟਿੰਗ ਲਈ ਉਪਲਬਧ ਹੈ। ਪ੍ਰੋਗਰਾਮਾਂ ਦੀ ਸਮਾਂ ਸੂਚੀ ਲਈ, ਇੱਥੇ ਕਲਿੱਕ ਕਰੋ (click here)। ਰਿੰਕ ਕਿਰਾਇਆਂ ਲਈ, goremeadows@brampton.ca ਤੇ ਸੰਪਰਕ ਕਰੋ।

ਗੋਰ ਮੇਡੋਜ ਕਵਰਡ ਆਊਟਡੋਰ ਆਈਸ ਰਿੰਕ ਦੇ ਸ਼ਾਨਦਾਰ ਉਦਘਾਟਨ ਸਮਾਰੋਹ ਬਾਰੇ ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ (click here)।

**ਹਵਾਲਾ**

"ਕਾਉਂਸਿਲ ਦੇ ਮੈਂਬਰ ਅਤੇ ਮੈਂ, ਗੋਰ ਮੇਡੋਜ ਕਵਰਡ ਆਊਟਡੋਰ ਆਈਸ ਰਿੰਕ ਦੀ ਸ਼ਾਨਦਾਰ ਰਸਮੀ ਸ਼ੁਰੂਆਤ ਦਾ ਜਸ਼ਨ ਮਨਾਉਣ ਲਈ ਬਹੁਤ ਉਤਸ਼ਾਹਿਤ ਹਾਂ। ਇਹ ਬੇਜੋੜ, ਕਵਰਡ ਆਊਟਡੋਰ ਆਈਸ ਰਿੰਕ ਬ੍ਰੈਂਪਟਨ ਵਿੱਚ ਇਸ ਤਰ੍ਹਾਂ ਦਾ ਪਹਿਲਾ ਰਿੰਕ ਹੈ। ਗਰਮ ਕੱਪੜੇ ਪਹਿਨੋ, ਆਪਣੀਆਂ ਸਕੇਟਸ ਲਿਆਓ ਅਤੇ ਮਜ਼ੇਦਾਰ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਦੀ ਦੁਪਹਿਰ ਨੂੰ ਸਾਡੇ ਨਾਲ ਸ਼ਾਮਲ ਹੋਵੋ!"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

BRAMPTON Flower City brampton.ca

media release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca